BCM SCHOOL BASANT AVENUE DUGRI LUDHIANA

CLASS- XII

SUBJECT -PUNJABI (104)

ASSIGNMENT SOLUTION

1.ਹੇਠਾਂ ਦਿੱਤੇ ਕਾਵਿ -ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ-

ਪ੍ਰਸੰਗ -ਇਹ ਕਾਵਿ ਸਤਰਾਂ ਸਾਡੀ ਪੰਜਾਬੀ ਦੀ ਪਾਠ ਪੁਸਤਕ ਲਾਜ਼ਮੀ ਪੰਜਾਬੀ ਭਾਗ 12 ਵਿੱਚ ਦਰਜ ਅੰਮ੍ਰਿਤਾ ਪ੍ਰੀਤਮ ਦੀ ਲਿਖੀ ਕਵਿਤਾ ਵਾਰਸ ਸ਼ਾਹ ਵਿੱਚੋਂ ਲਈਆਂ ਗਈਆਂ ਹਨ।ਇਸ ਕਵਿਤਾ ਦੇ ਵਿੱਚ 1947 ਦੀ ਦੇਸ਼ ਵੰਡ ਦੇ ਦੁਖਾਂਤ ਪੇਸ਼ ਕੀਤਾ ਗਿਆ ਹੈ।

ਵਿਦਿਆਰਥੀ ਇਸ ਕਾਵਿ -ਟੋਟੇ ਦੀ ਵਿਆਖਿਆ ਖੁਦ ਆਪਣੀ ਸਮਝ ਨਾਲ ਕਰਨਗੇ।

2. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਲਿਖੋ।

1. ਰਿਕਸ਼ੇ ਵਾਲੇ ਦੀ ਕਿਹੜੀ ਗੱਲ 'ਤੇ ਲੇਖਕ ਨੂੰ ਗੁੱਸਾ ਚੜ੍ਹ ਜਾਂਦਾ ਹੈ?

ਉੱਤਰ- ਲੇਖਕ ਨੇ ਦੇਖਿਆ ਕਿ ਉਸਦੀ ਪਤਨੀ ਅਤੇ ਰਿਕਸ਼ੇ ਵਾਲੇ ਦਾ ਝਗੜਾ ਹੋ ਗਿਆ ਸੀ। ਲੇਖਕ ਦੀ ਪਤਨੀ ਦੁਆਰਾ ਰਿਕਸ਼ੇ ਵਾਲੇ ਨੂੰ ਪਹਿਲਾਂ ਤੈਅ ਕੀਤੇ ਹੋਏ ਪੈਸੇ ਫੜਾਉਣ ਤੇ ਉਸਨੇ ਬੁੜਬੁੜ ਕਰਦਿਆਂ ਦੋ ਰੁਪਏ ਵਗਾਹ ਕੇ ਸੁੱਟ ਦਿੱਤੇ। ਰਿਕਸ਼ੇ ਵਾਲੇ ਦੀ ਇਸ ਹਰਕਤ ਤੇ ਲੇਖਕ ਨੂੰ ਗੁੱਸਾ ਚੜ ਜਾਂਦਾ ਹੈ।

2. ਲੇਖਕ ਦੀ ਪਤਨੀ ਰਿਕਸ਼ੇ ਵਾਲੇ ਦੀ ਵਕਾਲਤ ਕਿਵੇਂ ਕਰਦੀ ਹੈ ?

ਉੱਤਰ - ਲੇਖਕ ਦੀ ਪਤਨੀ ਰਿਕਸ਼ੇ ਵਾਲੇ ਦੀ ਵਕਾਲਤ ਕਰਦਿਆਂ ਕਹਿੰਦੀ ਹੈ ਕਿ ਉਸ ਨੂੰ ਵੱਧ ਪੈਸੇ ਦੇ ਦਿਓ ਕਿਉਂਕਿ ਉਹ ਗਰੀਬ ਬੰਦਾ ਹੈ। ਪੈਸੇ ਡਿੱਗ ਵੀ ਪੈਂਦੇ ਨੇ, ਮੀਂਹ ਕਣੀ ਵਾਲੇ ਦਿਨ ਜਾਂ ਰਾਤ ਸਮੇਂ ਵੀ ਰਿਕਸ਼ੇ ਵਾਲੇ ਤਿੰਨ ਰੁਪਏ ਹੀ ਲੈਂਦੇ ਹਨ। ਬੱਚੇ ਵੀ ਰੋਜ਼ ਕਿੰਨੇ ਪੈਸੇ ਖਰਚ ਦਿੰਦੇ ਹਨ ਅਤੇ ਅਸੀਂ ਵੀ ਕਿੰਨੇ ਪੈਸੇ ਐਵੇਂ ਹੀ ਰੋਜ਼ ਰੋੜ੍ਹ ਦਿੰਦੇ ਹਾਂ।ਇਸ ਲਈ ਉਸ ਗਰੀਬ ਨੂੰ ਵੀ ਉਸਦੇ ਪੈਸੇ ਦੇ ਦਈਏ ।

3. 'ਮਾੜਾ ਬੰਦਾ' ਕਹਾਣੀ ਵਿੱਚ ਮਾੜਾ ਬੰਦਾ ਕਿਸ ਨੂੰ ਕਿਹਾ ਗਿਆ ਹੈ?

ਉੱਤਰ -ਮਾੜਾ ਬੰਦਾ ਕਹਾਣੀ ਵਿੱਚ ਮਾੜਾ ਬੰਦਾ ਬੇਸ਼ੱਕ ਰਿਕਸ਼ੇ ਵਾਲੇ ਨੂੰ ਹੀ ਕਿਹਾ ਗਿਆ ਹੈ। ਕਿਉਂਕਿ ਉਹ ਗਰੀਬ ਹੋਣ ਦੇ ਨਾਲ ਨਾਲ ਸੁਭਾਅ ਦਾ ਵੀ ਮਾੜਾ ਸੀ ਅਤੇ ਉਸਨੇ ਗੁੱਸੇ ਤੋਂ ਕੰਮ ਲੈਂਦੇ ਹੋਏ ਆਪਣੇ ਹੱਕ ਦੇ ਪੈਸੇ ਵੀ ਸੁੱਟ

ਦਿੱਤੇ ਸਨ। ਪਰ ਲੇਖਕ ਵੀ ਆਕੜਖੋਰ ਤੇ ਜ਼ਿੱਦੀ ਹੋਣ ਕਾਰਨ ਮਾੜਾ ਬੰਦਾ ਹੀ ਹੈ, ਜਿਸਨੇ ਇੱਕ ਗਰੀਬ ਦੀ ਮਿਹਨਤ ਦੇ ਪੈਸੇ ਉਸਨੂੰ ਨਹੀਂ ਦਿੱਤੇ ।

4. ਕਹਾਣੀ ਦੇ ਵਿੱਚ ਲੇਖਕ ਕਿਸ ਨੂੰ,ਕਿਸ ਬਾਰੇ ਚਿੱਠੀ ਲਿਖ ਰਿਹਾ ਸੀ ?

ਉੱਤਰ -ਕਹਾਣੀ ਦੇ ਵਿੱਚ ਲੇਖਕ ਜੰਗਲਾਤ ਮਹਿਕਮੇ ਦੇ ਅਫਸਰ ਆਪਣੀ ਭੂਆ ਦੇ ਪੁੱਤਰ ਨੂੰ ਚਿੱਠੀ ਲਿਖਣ ਦੀ ਕੋਸ਼ਿਸ਼ ਕਰ ਰਿਹਾ ਸੀ, ਜੋ ਕਈ ਦਿਨਾਂ ਤੋਂ ਅਧੂਰੀ ਪਈ ਸੀ ।ਅਸਲ ਵਿੱਚ ਉਸਨੇ ਆਪਣੀ ਭੂਆ ਦੇ ਪੁੱਤਰ ਨੂੰ ਚਿੱਠੀ ਲਿਖ ਕੇ ਫਰਨੀਚਰ ਬਣਵਾ ਕੇ ਭੇਜਣ ਬਾਰੇ ਕਹਿਣਾ ਸੀ।

3. ਮਾੜਾ ਬੰਦਾ ਕਹਾਣੀ ਦੇ ਅਧਾਰ ਤੇ ਰਿਕਸ਼ੇ ਵਾਲੇ ਅਤੇ ਲੇਖਕ ਦੇ ਪਾਤਰ ਦੀ ਤੁਲਨਾ 125-150 ਸ਼ਬਦਾਂ ਵਿੱਚ ਕਰੋ।

ਉੱਤਰ - ਵਿਦਿਆਰਥੀ ਇਸ ਪ੍ਰਸ਼ਨ ਦਾ ਉੱਤਰ ਦੋਵਾਂ ਪਾਤਰਾਂ ਦੀ ਤੁਲਨਾ ਕਰਦੇ ਹੋਏ ਖੁਦ ਲਿਖਣਗੇ।

4. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ 70-80 ਸ਼ਬਦਾਂ ਵਿੱਚ ਲਿਖੋ -

1. 'ਸਾਹੇ ਦੀ ਚਿੱਠੀ' ਜਾਂ 'ਲਗਨ' ਲਿਖਵਾਉਣ ਦੀ ਰਸਮ ਬਾਰੇ ਜਾਣਕਾਰੀ ਦਿਓ ।

ਉੱਤਰ -ਜਿਸ ਵੇਲੇ ਮੁੰਡੇ ਕੁੜੀ ਦੇ ਵਿਆਹ ਵਿੱਚ ਥੋੜੇ ਦਿਨ ਰਹਿ ਜਾਂਦੇ ਹਨ ਤਾਂ ਕੁੜੀ ਵਾਲੇ ਸਾਹੇ ਦੀ ਚਿੱਠੀ ਜਾਂ ਲਗਨ ਲਿਖਵਾਉਂਦੇ ਹਨ। ਇਹ ਚਿੱਠੀ ਦੱਭ,ਚੌਲ ,ਹਲਦੀ ਅਤੇ ਖੰਮਣੀ ਵਿੱਚ ਲਪੇਟ ਕੇ ਪੰਡਿਤ ,ਨਾਈ ਜਾਂ ਵਿਚੋਲੇ ਦੇ ਹੱਥ ਮੁੰਡੇ ਵਾਲਿਆਂ ਦੇ ਘਰ ਭੇਜੀ ਜਾਂਦੀ ਹੈ। ਮੁੰਡੇ ਵਾਲਿਆਂ ਦੇ ਘਰ ਇਹ ਚਿੱਠੀ ਪਰਿਵਾਰ, ਪੰਚਾਇਤ ਅਤੇ ਰਿਸ਼ਤੇਦਾਰਾਂ ਦੀ ਹਾਜ਼ਰੀ ਵਿੱਚ ਖੋਲ ਕੇ ਪੜ੍ਹੀ ਜਾਂਦੀ ਹੈ। ਇਸ ਸਮੇਂ ਚਿੱਠੀ ਲੈ ਕੇ ਆਉਣ ਵਾਲੇ ਨੂੰ ਲਾਗ ਦੇ ਕੇ ਵਾਪਸ ਭੇਜਿਆ ਜਾਂਦਾ ਹੈ।

2. ਪਾਣੀ ਵਾਰਨ ਲਈ ਰਸਮ ਕਿਵੇਂ ਕੀਤੀ ਜਾਂਦੀ ਹੈ?

ਉੱਤਰ- ਨੂੰਹ-ਪੁੱਤਰ ਦੇ ਘਰ ਪਹੁੰਚਣ 'ਤੇ ਮੁੰਡੇ ਦੀ ਮਾਂ ਥਾਲੀ ਲੈ ਕੇ ਨੂੰਹ ਪੁੱਤ ਨੂੰ ਲੈਣ ਜਾਂਦੀ ਹੈ। ਦਰਵਾਜੇ ਦੇ ਉੱਤੇ ਉਹ ਨੂੰਹ-ਪੁੱਤ ਦੇ ਸਿਰ ਤੋਂ ਪਾਣੀ ਵਾਰ ਕੇ ਪੀਂਦੀ ਹੈ। ਉਹ ਸੱਤ ਵਾਰ ਪਾਣੀ ਵਾਰ ਕੇ ਆਪਣੇ ਮੂੰਹ ਨੂੰ ਲਾਉਂਦੀ ਹੈ

ਭਾਵ ਪੁੱਤਰ ਦੇ ਦੁੱਖ ਆਪਣੇ ਸਿਰ ਲੈ ਲੈਂਦੀ ਹੈ। ਉਸ ਦਾ ਮੁੰਡਾ ਉਸਨੂੰ ਹਰ ਵਾਰ ਰੋਕਦਾ ਹੈ ਪਰ ਸੱਤਵੀਂ ਵਾਰ ਤਾਂ ਦਰਾਣੀਆਂ ਜਠਾਣੀਆਂ ਉਸਨੂੰ ਬਿਲਕੁਲ ਹੀ ਪਾਣੀ ਨਹੀਂ ਪੀਣ ਦਿੰਦੀਆਂ। ਇਸ ਤੋਂ ਪਿੱਛੋਂ ਭਾਈਚਾਰੇ ਦੀਆਂ ਔਰਤਾਂ ਨਵੀਂ ਵਹੁਟੀ ਨੂੰ ਸ਼ਗਨ ਪਾਉਂਦੀਆਂ ਹਨ ਅਤੇ ਉਸਦਾ ਮੂੰਹ ਦੇਖਦੀਆਂ ਹਨ।

3. ਧੀਆਂ ਪ੍ਰਤੀ ਸਾਡੇ ਦ੍ਰਿਸ਼ਟੀਕੋਣ ਵਿੱਚ ਤਬਦੀਲੀ ਕਿਉਂ ਆ ਰਹੀ ਹੈ?

ਉੱਤਰ- ਧੀਆਂ ਦੇ ਪ੍ਰਤੀ ਅੱਜ ਮਨੁੱਖ ਦਾ ਦ੍ਰਿਸ਼ਟੀਕੋਣ ਬਹੁਤ ਬਦਲ ਗਿਆ ਹੈ।ਛੋਟੇ ਪਰਿਵਾਰ ਹੋਣ ਕਰਕੇ ਮਾਪੇ ਹਰ ਬੱਚੇ ਵੱਲ ਧਿਆਨ ਦੇਣ ਲੱਗੇ ਹਨ। ਅੱਜ ਧੀਆਂ- ਪੁੱਤਰਾਂ ਵਿੱਚ ਕੋਈ ਫਰਕ ਨਹੀਂ ਸਮਝਿਆ ਜਾਂਦਾ ।ਦੋਵਾਂ ਨੂੰ ਹੀ ਬਰਾਬਰ ਪਿਆਰ ਅਤੇ ਹੱਕ ਮਿਲਦਾ ਹੈ। ਪੁਰਾਣੇ ਸਮੇਂ ਦੇ ਲੋਕਾਂ ਵਾਲੀ ਸੋਚ ਅੱਜ ਲੋਕਾਂ ਵਿੱਚ ਨਹੀਂ ਰਹੀ। ਅੱਜ ਧੀਆਂ ਪੜ੍ਹ ਲਿਖ ਰਹੀਆਂ ਹਨ ।ਹਰ ਖੇਤਰ ਵਿੱਚ ਮੱਲਾਂ ਮਾਰ ਰਹੀਆਂ ਹਨ ।ਘਰਾਂ ਵਿੱਚ ਉਹਨਾਂ ਦਾ ਸਥਾਨ ਸਤਿਕਾਰਯੋਗ ਹੋ ਗਿਆ ਹੈ ।ਅੱਜ ਉਹ ਕਿਸੇ ‘ਤੇ ਬੋਝ ਨਹੀਂ ਰਹੀਆਂ ,ਜਿਸ ਕਰਕੇ ਉਹਨਾਂ ਪ੍ਰਤੀ ਦ੍ਰਿਸ਼ਟੀਕੋਣ ਵੀ ਬਦਲ ਗਿਆ ਹੈ।